ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ) ਅਤੇ (ਐ. ਸਿ)

ਮੀਮੋ ਨੰ ਐਮਡੀਐਮ/09/8146-8185
ਮਿਤੀ ਚੰਡੀਗੜ੍ਹ 15 ਅਕਤੂਬਰ, 2009

**ਵਿਸ਼ਾ :- ਸਕੂਲਾਂ ਵੱਲੋਂ ਬੈਂਕ ਅਕਾਉਂਟ ਖੋਲ੍ਹਣ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪਿਛਲੇ ਦਿਨੀ ਨਿਮਨਹਸਤਾਖਰਿਤ ਵੱਲੋਂ ਵੱਖ ਵੱਖ ਜ਼ਿਲ੍ਹਿਆਂ ਵਿੱਚ ਸਕੂਲਾਂ ਦਾ ਦੌਰਾ ਕਰਨ ਤੇ ਅਧਿਆਪਕਾਂ ਵੱਲੋਂ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਸਕੂਲਾਂ ਦਾ ਅਕਾਊਂਟ ਕਿਸੇ ਵਿਸ਼ੇਸ਼ ਬੈਂਕਾਂ ਵਿੱਚ ਖੋਲ੍ਹੇ ਜਾਣ ਲਈ ਕਿਹਾ ਜਾਂਦਾ ਹੈ ਜਦੋਂ ਕਿ ਉਹ ਬੈਂਕ ਉਹਨਾਂ ਦੇ ਸਕੂਲ ਤੋਂ ਕਾਫ਼ੀ ਦੂਰੀ ਤੇ ਹੁੰਦੇ ਹਨ ਜਿਸ ਕਰਕੇ ਉਹਨਾਂ ਦਾ ਕਾਫ਼ੀ ਸਮਾਂ ਨਸ਼ਟ ਹੁੰਦਾ ਹੈ ।

3.0 ਇਸ ਸਬੰਧ ਵਿੱਚ ਮੁੱਖ ਦਫ਼ਤਰ ਵੱਲੋਂ ਜਾਰੀ ਕੀਤੀਆ ਗਈਆਂ ਹਦਾਇਤਾਂ ਤੇ ਮੁੜ ਗੌਰ ਕੀਤਾ ਗਿਆ ਹੈ । ਭਾਵੇਂ ਕਿ ਇਸ ਸਬੰਧ ਵਿੱਚ ਇਸ ਦਫ਼ਤਰ ਵੱਲੋਂ ਕੋਈ ਹਦਾਇਤਾਂ ਜਾਰੀ ਨਹੀਂ ਕੀਤੀਆਂ ਗਈਆਂ ਹਨ, ਪਰੰਤੂ ਫਿਰ ਵੀ ਅਧਿਆਪਕਾਂ ਵੱਲੋਂ ਦਿੱਤੇ ਗਏ ਸੁਝਾਅ ਨੂੰ ਵਿਚਾਰਣ ਉਪਰੰਤ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਦੇ ਮੁੱਖੀਆਂ ਨੂੰ ਇਹ ਹਦਾਇਤਾਂ ਕੀਤੀਆਂ ਜਾਣ ਕਿ ਉਹ ਕਿਸੀ ਵਿਸ਼ੇਸ਼ ਬੈਂਕ ਵਿੱਚ ਅਕਾਉਂਟ ਖੋਲ੍ਹਣ ਦੀ ਥਾਂ, ਆਪਣੇ ਸਕੂਲ ਤੋਂ ਸਭ ਦੇ ਨੇੜੇ ਦੇ ਬੈਂਕ ਅਤੇ ਆਪਣੀ ਸਹੂਲਤ ਅਨੁਸਾਰ ਬੈਂਕ ਅਕਾਊਂਟ ਖੁਲਵਾਉਣ। ਇਸ ਤੋਂ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਚੈਕ ਕਲੀਅਰੈਂਸ ਲਈ ਬੈਂਕਾਂ ਨੂੰ ਕੋਈ ਪੈਸੇ ਨਾ ਦਿੱਤੇ ਜਾਣ ਅਤੇ ਜੇਕਰ ਕੋਈ ਬੈਂਕ ਚੈਕ ਕਲੀਅਰੈਂਸ ਦੇ ਪੈਸੇ ਮੰਗਦਾ ਹੈ ਤਾਂ ਉਸ ਦੀ ਸੂਚਨਾ ਇਸ ਦਫ਼ਤਰ ਨੂੰ ਤੁਰੰਤ ਦਿੱਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ :

1. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਅਫਸਰ
2. ਡੀ.ਐਮ. / ਐਮ.ਆਈ.ਐਸ.